
# ਰਾਗ ਨਾਦੁ ਸਭੁ ਸਚੁ ਹੈ



www.ggssc.net

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

# ਕੁੱਝ ਯਾਦਗਾਰੀ ਪਲ



ਸਾਹਿਤਕਾਰ ਸਦਨ ਵਲੋਂ
ਸਾਲ 1989 ਦੌਰਾਨ ਕਰਵਾ
'ਸਾਈਂ ਮੀਆਂ ਮੀਰ ਦਿਵਸ'
ਸਮੇਂ ਪ੍ਰਿੰ. ਸਤਿਬੀਰ ਸਿੰਘ ਜ
ਅਤੇ ਸ੍ਰ. ਭਾਗ ਸਿੰਘ ਜੀ
ਨਵੀਂ ਦਿੱਲੀ ਪਾਸੋਂ
ਭਾਈ ਸਮੁੰਦ ਸਿੰਘ ਯਾਦਗਾ
ਐਵਾਰਡ ਹਾਸਲ ਕਰਦੇ ਹੋਏ
ਪ੍ਰੋ. ਪਰਮਜੋਤ ਸਿੰਘ।

ਪ੍ਰੋ. ਪਰਮਜੋਤ ਸਿੰਘ,
ਵੀਰ ਹਰਮਿੰਦਰ ਸਿੰਘ
ਅਤੇ
ਭਾਈ ਹਰਨਾਮ ਸਿੰਘ
ਜੀ ਨਾਲ
ਕੀਰਤਨ ਦੀ ਹਾਜ਼ਰੀ
ਭਰਦੇ ਹੋਏ।





ਅਦੁੱਤੀ ਸੰਗੀਤ ਸੰਮੇਲਨ
ਜਵੱਦੀ ਵਿਖੇ ਸ਼੍ਰੋਮਣੀ
ਰਾਗੀ ਦਾ ਐਵਾਰਡ
ਹਾਸਲ ਕਰਦੇ ਹੋਏ।
ਬਾਬਾ ਅਮੀਰ ਸਿੰਘ
ਤੇ ਪ੍ਰਿੰਸੀਪਲ ਸੁਖਵੰਤ ਸਿੰਘ
ਜੀ ਨਾਲ ਦਿਖਾਈ
ਦੇ ਰਹੇ ਹਨ
ਪ੍ਰੋ. ਪਰਮਜੋਤ ਸਿੰਘ।

# ਰਾਗ ਨਾਦੁ ਸਭੁ ਸਚੁ ਹੈ

## (੩੧ ਰਾਗੁ - ਸ਼ਬਦ ਸਰੂਪ ਅਤੇ ਤਾਨਾਂ ਸਹਿਤ)


ਸੰਪਾਦਨਾ

ਡਾ: ਪੁਸ਼ਪਇੰਦਰ ਸਿੰਘ

ਸ੍ਰ: ਜਸਪਾਲ ਸਿੰਘ (ਪਿੰਕੀ)



www.ggssc.net

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002

ਫ਼ੋਨ : 0161-2450352 ਈ-ਮੇਲ : info@ggssc.net

## ਸਮਰਪਣ

ਉਨ੍ਹਾਂ ਗੁਰੂ ਸੰਵਾਰਿਆਂ ਨੂੰ
ਜਿਨ੍ਹਾਂ ਨੇ ਗੁਰਬਾਣੀ ਫੁਰਮਾਣ
**ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥**
ਦੇ ਅਨੁਰੂਪ ਨਿਰਧਾਰਤ ਵਿਧੀ ਦੁਆਰਾ
ਗੁਰਬਾਣੀ ਗਾਇਣ ਦੇ
ਅਖਾੜੇ ਸਜਾਉਂਦਿਆਂ
ਅਤੇ ਸ਼ਬਦ ਸਿਖਾਉਂਦਿਆਂ
ਨਾਮ ਨਾਲ ਜੁੜਣ ਦੀ ਜੁਗਤਿ ਨੂੰ
ਦ੍ਰਿੜ੍ਹ ਕੀਤਾ।

# ਰਾਗੁ ਨਾਦੁ ਸਭੁ ਸਚੁ ਹੈ
# Raag Naad Sabh Sach Hai


Co-editors : Dr. Pushpinder Singh
S. Jaspal Singh (Pinki)

*First Edition :* February 2015 (1000)

***Printed at***
FOIL PRINTERS, LUDHIANA

***Price :*** *70/-*

***Published by:***
**Virsa Publications (Admin Council)**
**Guru Gobind Singh Study Circle**
Model Town Extn., Ludhiana-141002
Ph : 0161-2450352
Email : info@ggssc.net

ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥

ਸਵੱਰ ਸਮੁੰਦ ਘਰਾਣੇ ਦਾ ਨਾਇਕ

# ਗੁਰਮਤਿ ਸੰਗੀਤ ਉਸਤਾਦ

ਗੁਰਪੁਰਵਾਸੀ

# ਪ੍ਰੋ. ਪਰਮਜੋਤ ਸਿੰਘ



4-11-1947 ਤੋਂ 10-4-2014

# ਤਤਕਰਾ


| | |
|---|---|
| ਸੰਪਾਦਕੀ ਸ਼ਬਦ | 5 |
| ਮੁੱਖ ਬੰਦ | 6 |
| ਦੋ ਸ਼ਬਦ | 8 |
| ਨਿਸ਼ਕਾਮ ਕੀਰਤਨੀਏ ਪ੍ਰੋ: ਪਰਮਜੋਤ ਸਿੰਘ-ਜੀਵਨ ਬ੍ਰਿਤਾਂਤ | 11 |
| ਉੱਜਲ-ਦੀਦਾਰੀ ਸ਼ਖ਼ਸੀਅਤ ਪ੍ਰੋ: ਪਰਮਜੋਤ ਸਿੰਘ | 20 |
| ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ | 25 |
| ਗੁਰਬਾਣੀ ਕੀਰਤਨ ਨਾਲ ਰੰਗ-ਰੱਤੜੀ ਰੂਹ-ਪ੍ਰੋ: ਪਰਮਜੋਤ ਸਿੰਘ | 33 |
| ਸੱਜਣ ਮੇਰੇ ਰੰਗੁਲੇ | 37 |
| ਰੱਜੇ ਹੋਏ ਹੀ ਅਸਲ ਰਾਜੇ ਹੁੰਦੇ ਹਨ | 44 |
| ਪ੍ਰੇਰਨਾ ਸਰੋਤ ਵੀਰ ਪਰਮਜੋਤ ਸਿੰਘ | 46 |
| ਪ੍ਰੋ: ਪਰਮਜੋਤ ਸਿੰਘ ਦਾ ਧਾਰਮਿਕ ਸੰਸਥਾਵਾਂ ਪ੍ਰਤੀ ਯੋਗਦਾਨ | 49 |
| ਸਵਰ ਸਮੁੰਦ ਘਰਾਣੇ ਦੀ ਗਾਇਕੀ ਦਾ ਪਾਂਧੀ | 60 |
| ਸਵਰ ਸਮੁੰਦ ਸ਼ਬਦ ਰੀਤ ਰਤਨਾਵਲੀ | 71 |
| ਕਿਨਿ ਬਿਧਿ ਕੀਰਤਨ ਗਾਏ ਜੀਉ।। | 73 |
| ਰਾਗੁ ਨਾਦੁ ਸਭੁ ਸਚੁ ਹੈ | 82 |
| ਕੁੱਝ ਸੰਗੀਤਕ ਵਿਧੀ (ਥਿਊਰੀ) ਬਾਰੇ | 91 |
| 31 ਰਾਗੁ - ਸ਼ਬਦ ਸਰੂਪ ਅਤੇ ਤਾਨਾਂ ਸਹਿਤ | 93 |
| ਗਉੜੀ ਰਾਗਿ ਸੁਲਖਣੀ | 157 |
| ਸਵੱਰ ਸਮੁੰਦ ਕੀਰਤਨ ਅਕੈਡਮੀ (ਸਿਲੇਬਸ-ਥੀਊਰੀ ਭਾਗ) | 181 |
| ਪੱਤਰ ਵਿਹਾਰ | 192 |

# ਸੰਪਾਦਕੀ ਸ਼ਬਦ

ਜਦੋਂ ਵੀ ਗੁਰਮਤਿ ਪਰਪਾਟੀ ਨਾਲ ਸਾਜੇ ਸੰਵਾਰੇ ਕੀਰਤਨੀਆਂ ਪਾਸੋਂ ਗੁਰਬਾਣੀ ਗਾਇਣ ਸ੍ਰਵਣ ਕਰਦੇ ਹਾਂ ਤਾਂ ਮਨ ਵਿਚ ਅਜਬ ਅਨੰਦ ਛਾਅ ਜਾਂਦਾ ਹੈ। ਪ੍ਰੋ: ਪਰਮਜੋਤ ਸਿੰਘ ਜੋ ਕਿ ਭਾਈ ਸਮੁੰਦ ਸਿੰਘ ਹੁਰਾਂ ਦੀ ਗਾਇਣ ਸ਼ੈਲੀ ਨੂੰ ਗਾਇਣ ਕਰਨ ਅਤੇ ਸੰਭਾਲਣ ਵਿਚ ਸਫਲ ਰਹੇ ਹਨ, ਦੇ ਯੋਗਦਾਨ ਦੀ ਚਰਚਾ ਆਮ ਹੀ ਚਲਦੀ ਰਹਿੰਦੀ ਹੈ। 'ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਤੇ ਆਰਕਾਈਵਜ਼' ਦੀ ਸਥਾਪਨਾ ਕਰਕੇ ਸਟੱਡੀ ਸਰਕਲ ਨੇ ਚੰਗਾ ਉਪਰਾਲਾ ਕੀਤਾ ਹੈ। ਪ੍ਰੋ: ਪਰਮਜੋਤ ਸਿੰਘ ਹੁਰਾਂ ਨੇ ਨਿਰਦੇਸ਼ਕ ਦੀ ਜ਼ਿੰਮੇਵਾਰੀ ਸੰਭਾਲੀ। ਆਪ ਨੇ ਬਹੁਤ ਸਾਰੀਆਂ ਸੰਸਥਾਵਾਂ ਅਤੇ ਟਕਸਾਲਾਂ ਵਿਚ ਆਪਣੇ ਹੁਨਰ ਦੁਆਰਾ ਰਾਗਾਂ ਤੇ ਰੀਤਾਂ ਦੀ ਸਿਖਲਾਈ ਦਿੱਤੀ। ਸ੍ਰ: ਗੁਰਮੀਤ ਸਿੰਘ ਚੀਫ਼ ਐਡਮਨਿਸਟ੍ਰੇਟਰ ਅਤੇ ਹੋਰ ਮੁਖੀ ਵੀਰਾਂ ਵਲੋਂ ਪੁਸਤਕ ਦੀ ਪ੍ਰਕਾਸ਼ਨਾ ਲਈ ਉਤਸ਼ਾਹਤ ਕਰਕੇ ਕ੍ਰਿਤਾਰਥ ਕੀਤਾ ਗਿਆ ਹੈ।

ਇਸ ਪ੍ਰਕਾਸ਼ਨਾ ਦੁਆਰਾ ਗੁਰਮਤਿ ਸੰਗੀਤ ਦੇ ਪ੍ਰੇਮੀਆਂ ਨੂੰ ਇਕ ਜਾਣਕਾਰੀ, ਇਕ ਪ੍ਰੇਰਣਾ ਅਤੇ ਅਮਲੀ ਰੂਪ ਵਿਚ ਧਾਰਨ ਕਰਨ ਲਈ ਚੋਣਵੀਆਂ ਨੋਟੇਸ਼ਨਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ। ਵਿਰਸਾ ਪਬਲੀਕੇਸ਼ਨਜ਼ ਵਧਾਈ ਦਾ ਪਾਤਰ ਹੈ ਜਿਨ੍ਹਾਂ ਨੇ ਇਸ ਪੁਸਤਕ ਨੂੰ ਸੁਚੱਜੇ ਢੰਗ ਨਾਲ ਛਾਪ ਕੇ ਸਟੱਡੀ ਸਰਕਲ ਦੇ ਸਮੂਹ ਜ਼ੋਨਾਂ ਅਤੇ ਪਾਠਕਾਂ ਲਈ ਜਾਰੀ ਕੀਤਾ ਹੈ।

ਆਸ ਹੈ, ਜਗਿਆਸੂਆਂ ਦੀ ਗਿਆਨ-ਪਿਆਸ ਨੂੰ ਤ੍ਰਿਪਤ ਕਰਨ ਵਿਚ ਇਹ ਪੁਸਤਕ ਮਹੱਤਵਪੂਰਨ ਯੋਗਦਾਨ ਪਾਏਗੀ ਅਤੇ ਪਾਠਕ ਜਨ ਇਸ ਪੁਸਤਕ ਨੂੰ ਵੀ ਪਹਿਲਾਂ ਛਪੀਆਂ ਪੁਸਤਕਾਂ ਦੀ ਤਰ੍ਹਾਂ ਪਸੰਦ ਕਰਨਗੇ ਅਤੇ ਉਤਸ਼ਾਹਤ ਕਰਨਗੇ।

'ਸਰਬੱਤ ਦਾ ਭਲਾ'

**ਪੁਸ਼ਪਇੰਦਰ ਸਿੰਘ (ਡਾ.)**
**ਜਸਪਾਲ ਸਿੰਘ (ਪਿੰਕੀ)**
ਸੰਪਾਦਕ

# ਮੁੱਖ ਬੰਦ

ਪ੍ਰੋ: ਪਰਮਜੋਤ ਸਿੰਘ ਉਨ੍ਹਾਂ ਨਿੱਘੀਆਂ ਗੋਦਾਂ ਵਿਚ ਪਲਿਆ, ਖੇਡਿਆ, ਬੈਠਿਆ ਹੈ, ਜਿਨ੍ਹਾਂ ਦੇ ਘਟ-ਅੰਦਰ ਨਾਮ ਦਾ ਵਾਸਾ ਸੀ ਤੇ ਸ਼ਖ਼ਸੀਅਤਾਂ ਸੁਰਤ ਸ਼ਬਦ ਨਾਲ ਰੰਗੀਆਂ ਸਨ। ਅਜਿਹੀਆਂ ਸੁਰਤਾਂ ਵਿਚੋਂ ਹੀ ਸਰੋਦੀ ਸੰਗੀਤ ਉਪਜਦਾ ਹੈ। ਸ਼ਬਦ ਦਾ ਗਿਆਨ ਅਤੇ ਉਸ ਦੇ ਭਾਵ ਨੂੰ ਪ੍ਰਗਟਾਉਂਦੀ ਤੇ ਧੁਰ ਅੰਦਰ ਲਹਿੰਦੀ ਆਵਾਜ਼ ਦੀ ਖਿੱਚ, ਉਹ ਵੀ ਰਾਗ-ਭਰਪੂਰ, ਮਨਾਂ ਨੂੰ ਸਹਿਜ-ਭਾਵ ਹੀ ਟਿਕਾਅ ਵਿਚ ਲੈ ਜਾਂਦੀ ਹੈ। ਗੁਰਬਾਣੀ ਰਾਹੀਂ ਗੁਰਸਿੱਖ ਨੇ ਇਸ ਟਿਕਾਅ ਦੇ ਮੁਰਾਤਬੇ ਨੂੰ ਹੀ ਤਾਂ ਪ੍ਰਾਪਤ ਕਰਨਾ ਹੁੰਦਾ ਹੈ। ਸ੍ਰ: ਪਰਮਜੋਤ ਸਿੰਘ ਆਪ ਟਿਕੇ ਹੋਏ ਹਨ ਤੇ ਟਿੱਕੇ ਹੋਏ ਵੀ।

ਉਨ੍ਹਾਂ ਦੇ ਬਚਪਨ ਦੀਆਂ ਅਜਬ ਗੱਲਾਂ ਉਨ੍ਹਾਂ ਦੀ ਸੁਪਤਨੀ ਅਤੇ ਉਨ੍ਹਾਂ ਦੀ ਆਪਣੀ ਕਲਮ ਤੋਂ ਆਪ ਮੁਹਾਰੇ ਜ਼ਾਹਰ ਹੋਈਆਂ ਹਨ। ਦਾਸ ਨੇ ਉਨ੍ਹਾਂ ਦੀ ਨੇੜਤਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰੋਗਰਾਮਾਂ ਤੇ ਕੀਰਤਨ ਦੀਆਂ ਲੜੀਆਂ ਸਮੇਂ ਹੀ ਮਾਣੀ ਹੈ। ਉਹ ਹਰੇਕ ਨੂੰ 'ਜੀ' ਕਹਿਣ ਵਾਲੇ, ਪਿਆਰ ਨਾਲ ਭਰੇ, ਸਾਧੂ ਹਨ।

ਮੈਨੂੰ ਕੀਰਤਨ ਕਰਨ ਦੀ ਜਾਚ ਨਹੀਂ ਹੈ। 'ਜਪੁ' ਦੇ 'ਸੁਣਿਐ' ਉਪਦੇਸ਼ ਦੇ ਸਨਮੁਖ ਕੀਰਤਨ ਦਾ ਸੁਭਾਅ ਜ਼ਰੂਰ ਹੈ। ਉਨ੍ਹਾਂ ਦੀ ਸੂਝ, 'ਕਿਨਿ ਬਿਧਿ ਕੀਰਤਨ ਗਾਏ ਜੀਉ' ਵਿਚ ਵਰਣਨ 9 ਵਿਭਿੰਨ ਕੀਰਤਨ ਪੱਧਤੀਆਂ ਦੀ ਪਛਾਣ ਤੇ ਸ਼ਬਦ-ਸੁਰਤ ਦੀ ਖੇਡ ਵਰਤਾਉਣ ਲਈ 'ਰਾਗ ਮਰਯਾਦਾ ਵਿਚ ਰਹਿ ਕੇ ਸ਼ਬਦ-ਪ੍ਰਧਾਨ ਕੀਰਤਨ' ਦੀ ਵਡਿਆਈ ਤੋਂ ਸਮਝ ਵਿਚ ਆਉਂਦੀ ਹੈ। ਇਸ ਦੇ ਨਾਲ-ਨਾਲ ਸੰਗੀਤ ਦੇ ਧੁਰੰਧਰ ਤੇ ਵਿਦਵਾਨਾਂ ਦੁਆਰਾ ਪ੍ਰੋ: ਪਰਮਜੋਤ ਸਿੰਘ ਜੀ ਦੀਆਂ ਪ੍ਰਾਪਤੀਆਂ ਤੇ ਪੁਸਤਕਾਂ ਬਾਰੇ ਲਿਖੇ ਰਿਵਿਊ-ਸ਼ਬਦ ਮੇਰੇ, ਇਨ੍ਹਾਂ ਸ਼ਬਦਾਂ ਲਈ ਸਹਾਇਕ ਵਿਚਾਰ ਹਨ।

ਪ੍ਰੋਫੈਸਰ ਸਾਹਿਬ ਕੀਰਤਨ ਕਰਦੇ ਸਮੇਂ ਲਫ਼ਜ਼ ਪੂਰਾ ਵਰਤਦੇ ਹਨ। ਸ਼ਬਦ ਵਿਸ਼ਰਾਮ ਦਾ ਧਿਆਨ ਰੱਖਣਾ ਤਾਂ ਜੋ ਅਰਥ ਵੀ ਸਮਝ ਵਿਚ ਪੈ ਸਕਣ ਅਤੇ ਕੀਰਤਨ ਦਾ ਆਨੰਦ ਵੀ ਨਾ ਟੁੱਟੇ, ਉਨ੍ਹਾਂ ਦੀ ਵਡਿਆਈ ਤੇ ਗੁਰਮਤਿ ਸੰਗੀਤ ਦੀ ਮੁਹਾਰਤ ਦਾ ਸਬੂਤ ਹੈ। ਉਨ੍ਹਾਂ ਦੀਆਂ ਪਹਿਲੀਆਂ ਪੁਸਤਕਾਂ ਦੀ ਤਰ੍ਹਾਂ ਇਸ ਪੁਸਤਕ

ਨਾਲ ਜਿਥੇ ਰਾਗ-ਕੀਰਤਨ-ਸੰਗੀਤ ਦੀ ਸਮਝ ਪਵੇਗੀ ਉਸ ਦੇ ਨਾਲ-ਨਾਲ ਇਸ ਵਿਚਲੇ ਲੇਖਾਂ ਤੇ ਪੁਸਤਕ ਰਿਵਿਊ ਦੀ ਦੁਹਰਾਈ ਨਾਲ ਪ੍ਰੋਫੈਸਰ ਸਾਹਿਬ ਦੀ ਪ੍ਰਤਿਭਾ ਦਾ ਵੀ ਬੋਧ ਹੋਵੇਗਾ। ਇਸ ਨਾਲ ਪਾਠਕਾਂ ਅਤੇ ਸੰਗੀਤ ਪ੍ਰੇਮੀਆਂ ਵਿਚ ਇਕ ਸ਼ਰਧਾ-ਭਾਵ ਉਪਜੇਗਾ ਜਿਸ ਨਾਲ ਉਹ ਉਨ੍ਹਾਂ ਦੀ ਰਾਗ-ਸ਼ੈਲੀ ਨੂੰ ਕੀਰਤਨ ਕਰਦਿਆਂ ਅਪਨਾਉਣ ਲਈ ਉਦਮਸ਼ੀਲ ਹੋਣਗੇ। ਪੁਸਤਕ ਦੇ ਅਖੀਰ ਵਿਚ ਕੀਰਤਨ ਸਿਖਾਂਦਰੂਆਂ ਦੀ ਸਿਖਲਾਈ ਅਤੇ ਮਾਰਗ ਦਰਸ਼ਨ ਲਈ ਰਾਗ ਸਬੰਧੀ ਸੂਚਨਾ ਦੇਣ ਦੇ ਨਾਲ-ਨਾਲ ਸ਼ਾਮਲ ਕੀਤੀਆਂ ਨੋਟੇਸ਼ਨਾਂ ਲਾਹੇਵੰਦ ਸਾਬਤ ਹੋਣਗੀਆਂ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ 31 ਰਾਗਾਂ ਵਿਚ ਕੀਰਤਨ ਕਰਨ ਦੀ ਜਾਚ ਸਿਖਾਉਣਗੀਆਂ। ਇਸ ਕਾਰਜ ਲਈ ਪ੍ਰੋਫੈਸਰ ਸਾਹਿਬ ਸਦਾ-ਸਦ ਆਨੰਦਿਤ ਰਹਿਣਗੇ।

ਇਹ ਪੁਸਤਕ ਸੰਗਤਾਂ ਤੱਕ ਅੱਪੜਦੀ ਕਰਨ ਲਈ ਪ੍ਰੋਫੈਸਰ ਸਾਹਿਬ ਜੀ ਦੀ ਧਰਮ ਪਤਨੀ ਪ੍ਰੋ. ਪਰਮਜੋਤ ਕੌਰ ਜੀ ਦੀ ਪ੍ਰਵਾਨਗੀ ਨਾਲ ਸਾਡਾ ਹੌਸਲਾ ਵਧਿਆ ਹੈ। ਸਟੱਡੀ ਸਰਕਲ ਪ੍ਰੋ. ਪਰਮਜੋਤ ਸਿੰਘ ਜੀ ਦੀ ਦੇਣ ਲਈ ਹਮੇਸ਼ਾਂ ਸ਼ਰਧਾ ਪ੍ਰਗਟਾਉਂਦਾ ਰਹੇਗਾ। ਪੁਸਤਕ ਦੀ ਚੰਗੀ ਦਿੱਖ ਲਈ ਸ੍ਰ: ਜਸਪਾਲ ਸਿੰਘ (ਪਿੰਕੀ), ਡਾ: ਪੁਸ਼ਪਇੰਦਰ ਸਿੰਘ, ਸ੍ਰ: ਪ੍ਰਤਾਪ ਸਿੰਘ, ਸ੍ਰ: ਜਤਿੰਦਰਪਾਲ ਸਿੰਘ ਅਤੇ ਸ੍ਰ: ਗੁਰਮੀਤ ਸਿੰਘ ਦਾ ਧੰਨਵਾਦੀ ਹਾਂ। ਪ੍ਰੋ: ਬਲਵਿੰਦਰਪਾਲ ਸਿੰਘ ਜੀ ਦਾ ਪਿਆਰ ਥਾਪੜਾ ਅਤੇ ਅਜਿਹੀਆਂ ਪੁਸਤਕਾਂ ਛਾਪਣ ਲਈ ਪ੍ਰੇਰਨਾ ਕਰਦੇ ਰਹਿਣਾ, ਉਨ੍ਹਾਂ ਅੰਦਰਲੀ ਗੁਰਮੁਖ ਰੂਹਾਂ, ਗੁਰਮਤਿ ਲੀਹਾਂ ਅਤੇ ਗੁਰਮਤਿ ਪਰਪਾਟੀਆਂ ਨੂੰ ਜੀਉਂਦਾ ਰੱਖਣ ਦਾ ਸਾਰਥਕ ਉਪਰਾਲਾ ਹੈ, ਜਿਸ ਲਈ ਧੰਨਵਾਦੀ ਹਾਂ।

ਇਹ ਪੁਸਤਕ ਕੀਰਤਨ ਪ੍ਰੇਮੀਆਂ ਦੀ ਸਿਖਾਂਦਰੂ ਅਤੇ ਆਨੰਦਤ ਹੋਣ ਦੀ ਭੁੱਖ ਪੂਰਿਆਂ ਕਰੇ, ਇਸ ਦੀ ਕਾਮਨਾ ਕਰਦਾ ਹਾਂ। ਚੰਗੇ ਸੁਝਾਵਾਂ ਨੂੰ ਸਦਾ ਹੀ 'ਜੀ ਆਇਆਂ' ਕਹਾਂਗੇ।

**ਪਿਰਥੀ ਸਿੰਘ**

ਚੀਫ਼ ਸਕੱਤਰ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

# ਦੋ ਸ਼ਬਦ

ਸੁਰ ਅਤੇ ਤਾਲ ਦਾ ਸੰਯੋਗ ਵਾਤਾਵਰਣ ਨੂੰ ਸੰਗੀਤਮਈ ਬਣਾ ਦੇਂਦਾ ਹੈ। ਲੈਅ ਦੀ ਪਕੜ ਨਾਲ ਇਸ ਸੰਗੀਤ ਦੀ ਤੋਰ ਜੱਚਵੀਂ ਬਣਦੀ ਹੈ। ਇਸ ਤਰ੍ਹਾਂ ਦੇ ਸੰਗੀਤ ਨਾਲ ਜੁੜੇ ਸੰਗੀਤਕਾਰ ਦੀ ਰੂਹ ਦਾ ਸੰਤੁਲਨ ਸੁਖਾਵਾਂ ਤੇ ਸਹਿਜ ਹੁੰਦਾ ਹੈ। ਹਫੜਾ ਦਫ਼ੜੀ ਵਾਲੇ ਸੰਗੀਤ ਦਾ ਪ੍ਰਭਾਵ ਮਨ ਵਿਚ ਬੇਚੈਨੀ ਪੈਦਾ ਕਰਦਾ ਹੈ। ਅੱਜ ਦੇ ਸਮੇਂ ਵਿਚ ਤੰਤੀ ਸਾਜ਼ਾਂ ਦੁਆਰਾ ਵੀ ਸੁਰਤਾਲ ਲੈਅ ਵਿਚ ਗੁਰਬਾਣੀ ਦਾ ਗਾਇਣ ਨਿਰਧਾਰਤ ਸ਼ੈਲੀ ਵਿਚ ਕਰਨ ਵਾਲੇ ਪ੍ਰੋ: ਪਰਮਜੋਤ ਸਿੰਘ ਸਭਨਾਂ ਦੇ ਪਿਆਰੇ ਵੀਰ ਸਨ ਜਿਨ੍ਹਾਂ ਨੇ ਭਾਈ ਸਮੁੰਦ ਸਿੰਘ ਹੁਰਾਂ ਦੀ ਗਾਇਣ ਪੱਧਤੀ ਨੂੰ ਧਾਰਨ ਕਰ ਲਿਆ ਹੋਇਆ ਸੀ।

ਆਪ ਪਾਸੋਂ ਇੱਕ ਅੱਧਾ ਘੰਟਾ ਗੁਰਬਾਣੀ ਦਾ ਕੀਰਤਨ ਸੁਣ ਲੈਂਦੇ ਤਾਂ ਮਨ ਦੀ ਭਟਕਣ ਨੂੰ ਇਕ ਵਾਰ ਸੇਧ ਮਿਲ ਜਾਂਦੀ। ਸੱਚ ਤਾਂ ਇਹ ਹੈ ਕਿ ਜੇ ਅਜਿਹੀ ਸੇਧਣਾ ਵਾਰ-ਵਾਰ ਸੰਗਤੀ ਸੰਯੋਗ ਨਾਲ ਹਾਸਲ ਹੁੰਦੀ ਰਹੇ ਤਾਂ ਮਨ ਨੂੰ ਟਿਕਣ ਦੀ ਘਾਸੀ ਪੈ ਜਾਂਦੀ ਹੈ। ਮਨਮਾਰਗ, ਸੁਮਾਰਗ ਬਣ ਜਾਂਦਾ ਹੈ। ਪ੍ਰੋ: ਪਰਮਜੋਤ ਸਿੰਘ ਦੀ ਕੀਰਤਨ ਸ਼ੈਲੀ ਭਾਈ ਸਮੁੰਦ ਸਿੰਘ ਹੁਰਾਂ ਦੀ ਨਕਲ ਨਹੀਂ ਹੈ ਸਗੋਂ ਤਕਨੀਕੀ ਅਤੇ ਰੂਹਾਨੀ ਅਨੁਸਰਣ ਹੁੰਦੇ ਹੋਏ ਇਸ ਵਿਚ ਮੌਲਿਕਤਾ ਦਾ ਗੁਣ ਹੈ। ਭਾਈ ਸਮੁੰਦ ਸਿੰਘ ਜੀ ਦੇ ਇੰਜੀਨੀਅਰ ਸਪੁੱਤਰ ਸ੍ਰ: ਹਰਭਜਨ ਸਿੰਘ ਜੀ ਜਦੋਂ ਵੀ ਅਮਰੀਕਾ ਤੋਂ ਆਉਂਦੇ ਤਾਂ ਉਹ ਵੀ ਆਪਣੇ ਪਿਤਾ ਜੀ ਵਾਂਗ ਹੀ ਕੀਰਤਨ ਕਰਦੇ ਤੇ ਇਸ ਗੱਲ ਨਾਲ ਮੁਤਫਿਕ ਤੇ ਰਾਜ਼ੀ ਸਨ ਕਿ ਪ੍ਰੋ: ਪਰਮਜੋਤ ਸਿੰਘ ਹੁਰਾਂ ਭਾਈ ਸਮੁੰਦ ਸਿੰਘ ਜੀ ਦੀ ਵਿਰਾਸਤ ਨੂੰ ਸੰਭਾਲਿਆ ਹੋਇਆ ਹੈ। ਪ੍ਰੋ: ਪਰਮਜੋਤ ਸਿੰਘ ਇਕ ਸਫ਼ਲ ਉਸਤਾਦ ਦੇ ਰੂਪ ਵਿਚ ਸਥਾਪਤ ਹੋ ਗਏ ਸਨ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਸਦਾ ਹੀ ਇਹ ਅਨੁਭਵ ਕੀਤਾ ਹੈ ਕਿ ਗੁਰਬਾਣੀ ਕੀਰਤਨ, ਨੈਤਿਕ ਕਦਰਾਂ ਕੀਮਤਾਂ ਦੇ ਸੰਚਾਰ ਦਾ ਪ੍ਰਧਾਨ ਵਸੀਲਾ ਹੈ। ਸਟੱਡੀ ਸਰਕਲ ਨੇ 'ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ' ਦੀ ਸਥਾਪਨਾ ਕੀਤੀ ਤਾਂ ਪ੍ਰੋ: ਕਰਤਾਰ ਸਿੰਘ ਜੀ (ਰਾਸ਼ਟਰੀ ਪੁਰਸਕਾਰ ਹਾਸਲ ਕਰਤਾ) ਇਸ ਦੇ ਡਾਇਰੈਕਟਰ ਬਣੇ ਅਤੇ ਉਨ੍ਹਾਂ ਵਲੋਂ ਸ਼੍ਰੋਮਣੀ ਕਮੇਟੀ ਦੇ ਕੀਰਤਨ

ਸਿਖਲਾਈ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਜਾਣ ਉਪਰੰਤ ਪ੍ਰੋ: ਪਰਮਜੋਤ ਸਿੰਘ ਦੀ ਨਿਰਦੇਸ਼ਨਾ ਅਧੀਨ, ਮਾਡਲ ਟਾਊਨ ਐਕਸਟੈਨਸ਼ਨ ਵਿਖੇ ਇਹ ਅਕੈਡਮੀ ਕਾਰਜਸ਼ੀਲ ਰਹੀ।

ਪੀ.ਐਸ.ਬੀ. ਪਰਿਵਾਰ (ਪੰਜਾਬ ਐਂਡ ਸਿੰਧ ਬੈਂਕ ਸਟਾਫ਼ ਵਿੰਗ) ਵਲੋਂ ਪੰਜਾਬ, ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਜਦੋਂ ਵੀ ਕੀਰਤਨ ਦਰਬਾਰ ਕਰਵਾਏ ਜਾਂਦੇ ਤਾਂ ਪਰਮਜੋਤ ਸਿੰਘ, ਜਸਪਾਲ ਸਿੰਘ ਪਿੰਕੀ (ਡਾਇਰੈਕਟਰ, ਕੀਰਤਨ ਤੇ ਗੁਰਮਤਿ ਸੰਗੀਤ) ਅਤੇ ਉਨ੍ਹਾਂ ਦੇ ਸਾਥੀ, ਕੀਰਤਨੀ ਜੱਥਿਆਂ ਵਿਚ ਜ਼ਰੂਰ ਸ਼ਾਮਲ ਹੁੰਦੇ ਰਹੇ। ਬੈਂਕ ਦੇ ਕਰਮਚਾਰੀਆਂ ਪਾਸੋਂ ਜਦੋਂ ਪੁੱਛੀਏ ਤਾਂ ਮਨ ਦੀ ਖ਼ੁਸ਼ੀ ਨੂੰ ਮੁਸਕਰਾਉਂਦੇ ਹੋਏ, ਪ੍ਰੋ: ਪਰਮਜੋਤ ਸਿੰਘ ਤੇ ਸਾਥੀਆਂ ਦੇ ਅਨੰਦਮਈ ਕੀਰਤਨ ਦੀ ਸ਼ਲਾਘਾ ਕਰਦੇ ਰਹੇ ਹਨ। ਮੈਨੂੰ ਯਾਦ ਹੈ ਕਿ ਜਲੰਧਰ ਦੇ ਗ੍ਰੀਨ ਪਾਰਕ ਵਿਚ ਪੰਜਾਬ ਐਂਡ ਸਿੰਧ ਬੈਂਕ ਨੇ 'ਡਿਵੋਸ਼ਨਲ ਮਿਊਜ਼ਿਕ ਆਰਕਾਈਵ ਅਤੇ ਸਿਖਲਾਈ ਕੇਂਦਰ' ਸਥਾਪਤ ਕੀਤਾ ਤਾਂ ਪ੍ਰੋ: ਪਰਮਜੋਤ ਸਿੰਘ ਹੁਰਾਂ ਨੂੰ ਇਸ ਦਾ ਇੰਚਾਰਜ ਥਾਪਿਆ ਗਿਆ। ਇਸ ਦੇ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਣ ਦਾ ਅਵਸਰ ਸਾਨੂੰ ਪ੍ਰਾਪਤ ਹੋਇਆ। ਕਾਲਜਾਂ, ਸਕੂਲਾਂ, ਵਿਦਿਆਲਿਆਂ ਦੇ ਅਧਿਆਪਕ, ਉਥੇ ਆ ਕੇ ਸਿਖਲਾਈ ਅਤੇ ਸਲਾਹ ਮਸ਼ਵਰਾ ਪ੍ਰਾਪਤ ਕਰਦੇ ਸਨ। ਆਪ ਰੂਹਾਨੀ ਸੁਰਾਂ ਦੇ ਵਿਸ਼ਾਲ ਜਲਨਿਧ ਦੇ ਮੀਨ ਵਾਂਗਰ ਸਨ ਜਿਸ ਨੂੰ ਕੀਰਤਨ ਕਰਦਿਆਂ ਹੀ ਜੀਵਨ ਦੀ ਅਸਲੀਅਤ ਅਨੁਭਵ ਹੁੰਦੀ ਸੀ।

ਜਵੱਦੀ ਲੁਧਿਆਣਾ ਦੀ ਗੁਰ ਸ਼ਬਦ ਅਕਾਦਮੀ ਵਲੋਂ ਹਰ ਸਾਲ ਸੰਮੇਲਨ ਹੁੰਦੇ ਹਨ। ਬਾਬਾ ਅਮੀਰ ਸਿੰਘ ਹੁਰਾਂ ਦੀ ਅਗਵਾਈ ਵਿਚ, ਪ੍ਰਿੰ: ਸੁਖਵੰਤ ਸਿੰਘ ਨਿਰੰਤਰ ਯਤਨਸ਼ੀਲ ਹਨ। ਪਹਿਲਾਂ ਦੇ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਗੁਰਮਤਿ ਨਿਰਧਾਰਤ ਰਾਗ ਕੀਰਤਨ ਨੋਟੇਸ਼ਨਾਂ ਨੂੰ ਅਮਲੀ ਰੂਪ ਵਿਚ ਪੇਸ਼ ਕਰਨ ਅਤੇ ਵਿਰਾਸਤ ਦੇ ਤੌਰ ਤੇ ਸੰਭਾਲਣ ਦੇ ਕਾਰਜ ਵਿਚ ਪ੍ਰੋ: ਪਰਮਜੋਤ ਸਿੰਘ ਹੁਰਾਂ ਦੀ ਭੂਮਿਕਾ ਬਹੁਤ ਅਹਿਮ ਰਹੀ।

'ਸਾਡਾ ਵਿਰਸਾ ਸਾਡਾ ਗੌਰਵ' ਦੇ ਕੀਰਤਨ ਵਿਸ਼ੇਸ਼ ਅੰਕ ਵਿਚ ਵੀ ਆਪ ਦਾ ਉਚੇਚਾ ਯੋਗਦਾਨ ਸੀ। ਬੈਂਕ ਦੀ ਨੌਕਰੀ ਦੌਰਾਨ ਹੀ ਆਪ ਦੀ ਸੇਵਾ 'ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ' ਲੁਧਿਆਣਾ ਵਿਖੇ ਹ.ਫ਼ਤੇ ਵਿਚ ਦੋ

ਦਿਨ ਲਈ ਲੱਗ ਗਈ। ਸਿਹਤ ਢਿੱਲੀ ਹੋਣ ਕਰਕੇ ਆਪ ਨੇ ਮੁੱਲਾਂਪੁਰ ਵਿਖੇ ਹੀ ਠਹਿਰਨ ਦਾ ਮਨ ਬਣਾ ਲਿਆ। 'ਸੁਕ੍ਰਿਤ ਟਰੱਸਟ' ਵਲੋਂ ਵੀ ਦੇਸ਼ ਵਿਦੇਸ਼ ਦੇ ਸਿਖਿਆਰਥੀਆਂ ਨੂੰ ਕੀਰਤਨ ਸਿਖਲਾਈ ਦੇ ਲਈ ਸਥਾਪਤ ਹੋਸਟਲ ਆਪ ਦੀ ਦੇਖ ਰੇਖ ਵਿਚ ਮੁਲਾਂਪੁਰ (ਲੁਧਿਆਣਾ) ਵਿਖੇ ਸਥਾਪਤ ਕੀਤਾ ਗਿਆ।

ਵਾਹਿਗੁਰੂ ਨੂੰ ਕੁੱਝ ਹੋਰ ਮਨਜ਼ੂਰ ਸੀ। ਸਰੀਰਕ ਸਾਜ਼, ਨਸਾਜ਼ ਹੋ ਰਿਹਾ ਸੀ। ਪ੍ਰੋ: ਪਰਮਜੋਤ ਸਿੰਘ ਦੀ ਸਰੀਰਕ ਬਿਮਾਰੀ ਦਿਨੋ ਦਿਨ ਗੰਭੀਰ ਹੁੰਦੀ ਗਈ। ਪ੍ਰੋਫੈਸਰ ਸਾਹਿਬ ਨੇ ਇਸ ਮੌਕੇ ਹੌਂਸਲਾ ਤੇ ਨਿਸਚਾ ਨਾ ਛੌਡਿਆ। ਕਲਾਤਮਕ ਅਤੇ ਆਚਰਣਕ ਗੁਣਾਂ ਨਾਲ ਮਾਲਾਮਾਲ ਇਹ ਕੌਮੀ ਹੀਰਾ, ਆਪਣੇ ਸਵਰਾਂ ਦੁਆਰਾ ਰੱਬੀ ਬਾਣੀ ਦਾ ਮਧੁਰ ਗਾਇਣ ਗਾਉਂਦਾ ਰਿਹਾ। ਸ੍ਰ: ਜਸਪਾਲ ਸਿੰਘ (ਪੰਜਾਬ ਐਂਡ ਸਿੰਧ ਬੈਂਕ) ਅਤੇ ਡਾ: ਪੁਸ਼ਪਇੰਦਰ ਸਿੰਘ ਜੀ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ ਕਿ ਪ੍ਰੋਫੈਸਰ ਸਾਹਿਬ ਦੇ ਯੋਗਦਾਨ ਬਾਰੇ ਇਹ ਪੁਸਤਕ ਪਾਠਕਾਂ ਅਤੇ ਸੰਗੀਤ ਪ੍ਰੇਮੀਆਂ ਲਈ ਸੰਪਾਦਿਤ ਕੀਤੀ ਹੈ। ਸਰਦਾਰਨੀ ਪਰਮਜੀਤ ਕੌਰ, ਸੁਪਤਨੀ ਪ੍ਰੋ: ਪਰਮਜੋਤ ਸਿੰਘ ਨੇ ਪ੍ਰੋਫੈਸਰ ਸਾਹਿਬ ਦੀ ਯਾਦ ਵਿਚ ਪੁਸਤਕ ਬਾਰੇ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਆਸ ਹੈ ਇਹ ਪੁਸਤਕ 'ਪ੍ਰੋ: ਪਰਮਜੋਤ ਸਿੰਘ' ਹੁਰਾਂ ਦੀ ਨਿਰਮਲ, ਨਿਰਛੱਲ ਤੇ ਨਿਰਭਉ, ਨਿਰਵੈਰ ਪ੍ਰਕਿਰਤੀ ਦੇ ਅਨੁਸਾਰੀ ਹੋਣ ਦੀ ਪ੍ਰੇਰਨਾ ਦਏਗੀ।

'ਸਰਬੱਤ ਦਾ ਭਲਾ'

**ਪ੍ਰੋ: ਬਲਵਿੰਦਰਪਾਲ ਸਿੰਘ**

ਐਡੀਸ਼ਨਲ ਚੀਫ਼ ਆਰਗੇਨਾਈਜ਼ਰ

ਭਾਸ਼ਾਵਾਂ, ਸਾਹਿਤ ਅਤੇ ਸਭਿਆਚਾਰਕ ਮਾਮਲੇ

ਅਰਥ ਸ਼ਾਸਤਰ ਵਿਭਾਗ

ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸਧਾਰ (ਲੁਧਿਆਣਾ)

# ਨਿਸ਼ਕਾਮ ਕੀਰਤਨੀਏ
# ਪ੍ਰੋਫੈਸਰ ਪਰਮਜੋਤ ਸਿੰਘ - ਜੀਵਨ ਬ੍ਰਿਤਾਂਤ

**ਜਸਵੰਤ ਸਿੰਘ**
ਈ-ਮੇਲ : jaspau@rediffmail.com ਫੋਨ:98555-41579

ਪ੍ਰੋ: ਪਰਮਜੋਤ ਸਿੰਘ ਉਨ੍ਹਾਂ ਚੋਣਵੀਆਂ ਸ਼ਖ਼ਸੀਅਤਾਂ ਵਿਚੋਂ ਇੱਕ ਹਨ, ਜਿਹਨਾਂ ਨੇ ਆਪਣੀ ਸਾਰੀ ਉਮਰ ਹੀ ਗੁਰਮਤਿ ਸੰਗੀਤ ਨੂੰ ਸਮਰਪਿਤ ਕਰ ਦਿੱਤੀ। ਆਪ ਨੇ ਬਹੁਤ ਸਾਰੀਆਂ ਸੰਸਥਾਵਾਂ : ਪੰਜਾਬ ਐਂਡ ਸਿੰਧ ਬੈਂਕ-ਡੀਵੋਸ਼ਨਲ ਮਿਊਜ਼ਿਕ ਆਰਕਾਈਵਜ਼ ਅਤੇ ਸਿਖਲਾਈ ਕੇਂਦਰ, ਜਲੰਧਰ; ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ; ਸੁਕ੍ਰਿਤ ਟਰੱਸਟ ਮੁਲਾਂਪੁਰ, ਲੁਧਿਆਣਾ; ਜਵੱਦੀ ਟਕਸਾਲ, ਲੁਧਿਆਣਾ; ਨਾਨਕਸਰ (ਕਲੇਰਾਂ) ਜਗਰਾਉਂ; ਵਿਚ ਕੀਰਤਨ ਸਿੱਖਣ ਦੇ ਪ੍ਰੇਮੀਆਂ ਨੂੰ ਆਪਣੇ ਹੁਨਰ ਦੁਆਰਾ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ।

ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ, ਪ੍ਰਚਾਰਨ ਤੇ ਪ੍ਰਸਾਰਨ ਵਾਲੇ ਰਾਗ ਵਿਦਿਆ ਵਿਚ ਪਰਬੀਨ ਸਵੱਰ-ਸਮੁੰਦ ਘਰਾਣੇ ਦੀ ਗਾਇਕੀ ਦੇ ਸਿਰਤਾਜ ਪ੍ਰੋ: ਪਰਮਜੋਤ ਸਿੰਘ ਦਾ ਜਨਮ ਸਤਿਕਾਰ ਯੋਗ ਗਿਆਨੀ ਇੰਦਰ ਸਿੰਘ ਜੀ ਅਤੇ ਮਾਤਾ ਅਰਜਨ ਕੌਰ ਜੀ ਦੇ ਗ੍ਰਿਹ ਵਿਖੇ 4 ਨਵੰਬਰ, 1947 ਨੂੰ ਲੁਧਿਆਣਾ ਸ਼ਹਿਰ ਵਿਚ ਹੋਇਆ। ਪ੍ਰੋਫੈਸਰ ਸਾਹਿਬ ਉਸ ਵਾਤਾਵਰਨ ਵਿਚ ਪਲੇ, ਜਿਥੇ ਗੁਰਬਾਣੀ ਅਤੇ ਗੁਰਮਤਿ ਸੰਗੀਤ ਦਾ ਪਰਵਾਹ ਹਰ ਵੇਲੇ ਚਲਦਾ ਰਹਿੰਦਾ ਸੀ। ਪ੍ਰੋਫੈਸਰ ਸਾਹਿਬ ਦੇ ਪਿਤਾ ਗਿਆਨੀ ਇੰਦਰ ਸਿੰਘ ਜੀ ਪਾਕਿਸਤਾਨ ਤੋਂ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈ ਕੇ ਆਏ ਸਨ। ਉਹਨਾਂ ਨੇ ਲੁਧਿਆਣਾ ਵਿਚ ਇੱਕ ਮਸੀਤ ਨੂੰ ਗੁਰਦੁਆਰੇ ਵਿਚ ਤਬਦੀਲ ਕਰਕੇ ਸੇਵਾ-ਸੰਭਾਲ ਸ਼ੁਰੂ ਕਰ ਦਿੱਤੀ। ਉਹ ਆਪ ਹੀ ਗ੍ਰੰਥੀ ਸਨ; ਅਤੇ ਆਪ ਹੀ ਗੁਰੂ ਘਰ ਦੇ ਕੀਰਤਨੀਏ। ਬੱਚੇ ਛੋਟੇ ਹੋਣ ਕਾਰਨ, ਕੀਰਤਨ ਵਿਚ ਗਿਆਨੀ ਜੀ ਦਾ ਤਬਲੇ ਤੇ ਸਾਥ ਪਰਮਜੋਤ ਦੇ ਮਾਮਾ ਜੀ ਸ੍ਰ: ਅਜੀਤ ਸਿੰਘ ਜੀ ਦਿਆ ਕਰਦੇ ਸਨ। ਪਰਮਜੋਤ ਦੇ ਮਾਤਾ ਜੀ ਤੇ ਮਾਸੀ ਨਿਰੰਜਨ ਕੌਰ ਜੀ ਸਵੇਰੇ ਹਾਰਮੋਨੀਅਮ ਤੇ ਜੋਟੀਆਂ ਵਿਚ ਨਿਤਨੇਮ ਕਰਦੇ ਹੁੰਦੇ ਸਨ। ਸ਼ਾਮ ਨੂੰ ਵੱਡੇ ਭਰਾ ਦਲਜੀਤ ਸਿੰਘ ਤੇ ਹੋਰ ਮੁਹੱਲੇ ਦੇ

ਬੱਚਿਆਂ ਨਾਲ ਰਹਿਰਾਸ ਸਾਹਿਬ ਦਾ ਪਾਠ, ਤੇ ਫਿਰ ਇਕ-ਦੋ ਸ਼ਬਦ ਹਾਰਮੋਨੀਅਮ ਤੇ ਪੜ੍ਹਿਆ ਕਰਦੇ ਸਨ। ਬੱਚਿਆਂ ਦੇ ਕੀਰਤਨ ਤੋਂ ਬਾਅਦ ਇਹਨਾਂ ਦੇ ਮਾਤਾ ਜੀ ਅਤੇ ਮੁਹੱਲੇ ਦੀਆਂ ਬੀਬੀਆਂ ਦੋ-ਤਿੰਨ ਸ਼ਬਦ ਹਾਰਮੋਨੀਅਮ ਤੇ ਪੜ੍ਹਿਆ ਕਰਦੀਆਂ ਸਨ। ਉਸ ਤੋਂ ਬਾਅਦ ਗਿਆਨੀ ਜੀ ਸੂਰਜ ਪ੍ਰਕਾਸ਼ ਤੋਂ ਕਥਾ ਕਰਿਆ ਕਰਦੇ ਸਨ। ਪਰਮਜੋਤ ਦੇ ਦਾਦਾ ਭਾਈ ਵਜ਼ੀਰ ਸਿੰਘ ਜੀ ਭਾਰਤ ਨਗਰ, ਲੁਧਿਆਣਾ ਨੇੜੇ ਇਕ ਗੁਰਦੁਆਰੇ ਦੇ ਗ੍ਰੰਥੀ ਸਨ। ਇਹਨਾਂ ਦੇ ਤਾਇਆ ਗਿਆਨੀ ਰਜਿੰਦਰ ਸਿੰਘ ਜੀ ਅਤੇ ਚਾਚਾ ਮਛਿੰਦਰ ਸਿੰਘ ਜੀ ਵੀ ਰਾਗੀ ਸਨ। ਪ੍ਰੋਫੈਸਰ ਸਾਹਿਬ ਦੀ ਸਪੁਤਨੀ ਸਰਦਾਰਨੀ ਪਰਮਜੀਤ ਕੌਰ, ਜੋ ਖਾਲਸਾ ਕਾਲਜ ਸਿਧਵਾਂ ਵਿਚ ਪੰਜਾਬੀ ਦੇ ਪ੍ਰੋਫੈਸਰ ਅਤੇ ਵਾਈਸ ਪ੍ਰਿੰਸੀਪਲ ਰਹੇ ਹਨ; ਨੇ ਵੀ ਗੁਰਬਾਣੀ ਸੰਗੀਤ ਉਪਰ ਬੜਾ ਕੁੱਝ ਲਿਖਿਆ ਹੈ। ਇਹਨਾਂ ਦੇ ਲੜਕੇ ਜਸਕੀਰਤ ਸਿੰਘ ਪੇਸ਼ੇ ਵਿਚ ਇਨਕਮ ਟੈਕਸ/ਸੇਲ ਟੈਕਸ ਵਕੀਲ ਵੀ ਆਪਣੇ ਪਿਤਾ ਜੀ ਨਾਲ ਕੀਰਤਨ-ਦਰਬਾਰਾਂ ਵਿਚ ਹਾਜ਼ਰੀ ਲਵਾਉਂਦੇ ਸਨ। ਗਲ ਕੀ ਪ੍ਰੋਫੈਸਰ ਸਾਹਿਬ ਦਾ ਜਨਮ ਤੋਂ ਅਖੀਰ ਤੱਕ ਸਾਰਾ ਪਰਿਵਾਰਕ (ਚਾਰ ਪੀੜੀਆਂ : ਦਾਦਾ, ਪਿਤਾ, ਆਪ ਤੇ ਸੰਤਾਨ) ਮਾਹੌਲ ਧਾਰਮਿਕ ਤੇ ਸੰਗੀਤਮਈ ਸੀ।

ਸੰਨ 1956 ਵਿਚ ਗੁਰਮਤਿ ਰਾਗੀ ਸਭਾ ਲੁਧਿਆਣਾ ਬਣਨ ਦੇ ਨਾਲ ਪ੍ਰੋਫੈਸਰ ਸਾਹਿਬ ਦੀ ਗੁਰਮਤਿ ਸੰਗੀਤ ਪ੍ਰਤੀ ਦਿਲਚਸਪੀ ਹੋਰ ਵੱਧ ਗਈ। ਇਸ ਰਾਗੀ ਸਭਾ ਦੇ ਪ੍ਰਧਾਨ ਭਾਈ ਸਮੁੰਦ ਸਿੰਘ ਜੀ; ਮੀਤ ਪ੍ਰਧਾਨ ਭਾਈ ਹਰਨਾਮ ਸਿੰਘ ਜੀ ਜ਼ਖ਼ਮੀ, ਰਾਗੀ ਗੁਰਦੁਆਰਾ ਕਲਗੀਧਰ ਸਿੰਘ ਸਭਾ (ਸ੍ਰ: ਬੂਟਾ ਸਿੰਘ ਸਾਬਕਾ ਕੇਂਦਰੀ ਮੰਤਰੀ ਦੇ ਸਹੁਰਾ ਜੀ), ਸਕੱਤਰ ਰਾਸ਼ਟਰਪਤੀ ਅਕੈਡਮੀ ਅਵਾਰਡੀ ਪ੍ਰੋ: ਕਰਤਾਰ ਸਿੰਘ ਜੀ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ ਤੇ ਖਜਾਨਚੀ ਪਰਮਜੋਤ ਦੇ ਪਿਤਾ ਜੀ ਗਿਆਨੀ ਇੰਦਰ ਸਿੰਘ ਜੀ ਸਨ। ਹਰ ਸਾਲ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਉਤਸਵ ਤਿੰਨ ਦਿਨ ਲੁਧਿਆਣੇ ਵਿਚ ਮਨਾਇਆ ਜਾਂਦਾ ਸੀ। ਇਸ ਵਿਚ ਰਾਗੀ ਸਭਾ ਦੇ ਮੈਂਬਰਾਂ ਤੋਂ ਇਲਾਵਾ ਪ੍ਰਸਿੱਧ ਕੀਰਤਨੀਏ ਭਾਈ ਸੁੱਧ ਸਿੰਘ ਜੀ-ਪ੍ਰਧਾਨ ਸਿੰਘ ਜੀ, ਸੰਤ ਸੁਜਾਨ ਸਿੰਘ ਜੀ, ਭਾਈ ਸੰਤਾ ਸਿੰਘ ਜੀ ਸੀਸ ਗੰਜ ਦਿੱਲੀ, ਭਾਈ ਸੁਰਜਨ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ ਫੱਕਰ, ਭਾਈ ਗੁਰਚਰਨ ਸਿੰਘ ਜੀ-ਅਵਤਾਰ ਸਿੰਘ ਜੀ, ਭਾਈ ਸੰਤਾ ਸਿੰਘ ਜੀ ਚਮਕ, ਭਾਈ ਧਰਮ ਸਿੰਘ ਜੀ ਜ਼ਖ਼ਮੀ, ਭਾਈ ਜੱਸਾ ਸਿੰਘ ਜੀ-ਭਾਈ ਪਾਲਾ ਸਿੰਘ ਜੀ ਪਟਿਆਲਾ, ਭਾਈ ਮਿਹਰ ਸਿੰਘ ਜੀ ਤਾਨ, ਭਾਈ ਬਖ਼ਸ਼ੀਸ਼ ਸਿੰਘ ਜੀ, ਭਾਈ ਤਿਰਲੋਚਨ ਸਿੰਘ ਜੀ ਸੀਸ ਗੰਜ ਦਿੱਲੀ, ਭਾਈ ਪਿਆਰਾ ਸਿੰਘ ਜੀ-

ਭਾਈ ਜਸਵੰਤ ਸਿੰਘ ਜੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਬਹਾਦਰ ਸਿੰਘ ਜੀ ਜਲੰਧਰ, ਆਦਿ ਵੀ ਕੀਰਤਨ ਰਾਹੀਂ ਆਪਣੀ ਹਾਜ਼ਰੀ ਲਵਾਇਆ ਕਰਦੇ ਸਨ। ਇਸ ਤਰ੍ਹਾਂ ਪ੍ਰੋਫੈਸਰ ਸਾਹਿਬ ਨੂੰ ਬਚਪਨ ਤੋਂ ਹੀ ਸੂਝਵਾਨ ਰਾਗੀਆਂ ਦੇ ਨੇੜੇ ਹੋ ਕੇ ਕੀਰਤਨ ਸੁਣਨ ਤੇ ਗਾਇਣ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ।

ਪ੍ਰੋਫੈਸਰ ਸਾਹਿਬ ਵਿਚ ਗੁਰਮਤਿ ਸੰਗੀਤ ਦੀ ਰੁਚੀ ਦੇਖਦਿਆਂ ਇਹਨਾਂ ਦੇ ਪਿਤਾ ਜੀ ਨੇ ਮਾਸਟਰ ਦੇਸ ਰਾਜ ਜੀ, ਗੰਧਰਵ ਮਹਾਂਵਿਦਿਆਲਾ ਵਾਲੇ ਤੋਂ ਸ਼ਾਸਤਰੀ ਸੰਗੀਤ ਦੀ ਸਿਖਲਾਈ ਪ੍ਰਾਪਤ ਕਰਵਾਈ। ਛੋਟੀ ਉਮਰ ਹੋਣ ਕਰਕੇ ਮਾਸਟਰ ਦੇਸ ਰਾਜ ਜੀ ਪਰਮਜੋਤ ਨੂੰ ਘਰ ਹੀ ਸਿਖਾਉਣ ਆਇਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਮਾਸਟਰ ਜੀ ਦੀ ਫੀਸ 30 ਰੁਪਏ ਸੀ, ਜਦੋਂ ਕਿ ਸਰਕਾਰੀ ਸਕੂਲ ਜਿਥੇ ਉਹ ਪੜ੍ਹੇ, ਦੀ ਫੀਸ ਇਕ ਆਨਾ (ਸੋਲਾਂ ਆਨਿਆਂ ਦਾ ਇਕ ਰੁਪਇਆ) ਹੋਇਆ ਕਰਦੀ ਸੀ। ਉਹਨਾਂ ਨੇ ਗੰਧਰਵ ਮਹਾਂਵਿਦਿਆਲਿਆ ਮੰਡਲ, ਪੂਨਾ ਤੋਂ ਸੰਗੀਤ ਦੀ ਵਿਸ਼ਾਰਦ (ਬੀ.ਏ.) ਹਾਸਲ ਕੀਤੀ ਤੇ 1972 ਵਿਚ ਪ੍ਰਯਾਗ ਸੰਗੀਤ ਸਮਿਤੀ ਇਲਾਹਾਬਾਦ ਤੋਂ ਸੰਗੀਤ ਪਰਬੀਨ (ਐਮ.ਏ.) ਕੀਤੀ। ਉਨ੍ਹਾਂ ਨੇ 15 ਸਾਲ ਦੀ ਉਮਰ ਤੱਕ 60 ਰਾਗ ਸਿੱਖ ਲਏ ਸਨ।

ਉਹਨਾਂ ਨੇ ਗੌਰਮਿੰਟ ਮਲਟੀਪਰਪਜ਼ ਹਾਇਰ ਸੈਕੰਡਰੀ ਸਕੂਲ, ਲੁਧਿਆਣਾ ਤੋਂ ਹਾਇਰ ਸੈਕੰਡਰੀ ਕੀਤੀ। ਇਹਨਾਂ ਦੀ ਸੰਗੀਤ ਵਿਦਿਆ ਦੀ ਨਿਪੁੰਨਤਾ ਤੇ ਉਥੋਂ ਦੇ ਪ੍ਰਿੰਸੀਪਲ ਐਫ ਜੇ ਹਮੀਦ, ਜੋ ਇਸਾਈ ਸਨ, ਇਸ ਬੱਚੇ ਪਰਮਜੋਤ ਤੇ ਬਹੁਤ ਖੁਸ਼ ਸਨ। ਮਾਸਟਰ ਮਹਿੰਦਰ ਸਿੰਘ ਜੀ ਦਾ ਤਾਂ ਸਾਰੀ ਉਮਰ ਹੀ ਪਰਮਜੋਤ ਨੂੰ ਪਿਆਰ ਮਿਲਦਾ ਰਿਹਾ। ਪਰਮਜੋਤ ਨੇ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਤੋਂ ਬੀ.ਏ. ਕੀਤੀ। ਉਨ੍ਹਾਂ ਨੇ ਸਕੂਲ ਤੇ ਕਾਲਜ ਦੀ ਪੜ੍ਹਾਈ ਦੌਰਾਨ ਸ਼ਾਸਤਰੀ ਸੰਗੀਤ ਮੁਕਾਬਲਿਆਂ ਵਿਚ ਕਈ ਗੋਲਡ ਮੈਡਲ ਲਏ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਯੂਨਵਰਸਿਟੀ ਕਲਰ ਵੀ ਪ੍ਰਾਪਤ ਕੀਤਾ। ਪ੍ਰੋਫੈਸਰ ਸਾਹਿਬ ਦੀ ਨਿਰਪੱਖਤਾ ਨੂੰ ਦੇਖਦਿਆਂ ਹੋਇਆਂ ਆਪ ਨੂੰ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ/ਧਾਰਮਿਕ ਜਥੇਬੰਦੀਆਂ ਵਲੋਂ ਕਰਵਾਏ ਜਾਂਦੇ ਸੰਗੀਤ ਮੁਕਾਬਲਿਆ ਵਿਚ ਬਤੌਰ ਜੱਜ ਦੀ ਸੇਵਾ ਨਿਭਾਉਣ ਬਾਰੇ ਬੇਨਤੀ ਕੀਤੀ ਜਾਂਦੀ ਸੀ; ਜਿਸ ਨੂੰ ਉਹਨਾ ਨੇ ਪੂਰੀ ਤਰਾਂ ਨਿਭਾਈ। ਆਪ ਆਲ ਇੰਡੀਆ ਰੇਡੀਉ ਦੇ ਪ੍ਰਵਾਨਿਤ ਸੰਗੀਤ ਦੇ ਕਲਾਕਾਰ ਵੀ ਰਹੇ ਹਨ।

ਪ੍ਰੋ: ਸਾਹਿਬ ਥੋੜੀ ਦੇਰ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਚੰਡੀਗੜ੍ਹ